**HEXSER PRIVATE LIMITED**
**1st FLOOR, SURYA ENCLAVE, NEAR BSNL RAYYA 143112, AMRITSAR PANJAB (IN)**
www.hexser.com info@hexser.com 0091- 9779117480

**Date: / / 2025 HXR/25 /-**

## ਸਤਿਕਾਰ ਯੋਗ ਸਰਪੰਚ ਸਾਬ੍ਹ ਜੀ

### ਹੈਕਸਰ ਸਕਿੱਲ ਐਕਸਪੋ ਅਤੇ ਹੈਕਸਰ ਰੋਡ ਸ਼ੋਅ 2025 ਦੇ ਸਬੰਧ ਵਿੱਚ ਆਪ ਜੀ ਦਾ ਸਹਿਯੋਗ ਲੈਣ ਸਬੰਧੀ ਬੇਨਤੀ

**ਸਤਿਕਾਰਯੋਗ ਸਰਪੰਚ/ ਮੋਹਤਬਰ ਸਾਹਿਬਾਨ ਆਪ ਜੀ ਨੂੰ ਜਾਣਕਾਰੀ ਦਿੰਦਿਆਂ ਪ੍ਰਸੰਨਤਾ ਹੋ ਰਹੀ ਹੈ ਕਿ, ਆਪ ਜੀ ਦੇ ਜ਼ਿਲ੍ਹੇ ਅੰਮ੍ਰਿਤਸਰ ਸਾਹਿਬ ਵਿਖੇ ਹੈਕਸਰ ਵੱਲੋਂ ਹੈਕਸਰ ਸਕਿੱਲ ਐਕਸਪੋ ਅਤੇ ਰੋਡ ਸ਼ੋਅ ੫ ਦਿਨਾਂ ਪੰਜਾਬ ਦਾ ਪਹਿਲਾ ਅਨੋਖਾ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਜਿਸ ਵਿੱਚ ਖੇਤੀ ਅਤੇ ਖੇਤੀ ਨਾਲ ਸਬੰਧਤ ਸਹਾਇਕ ਧੰਦਿਆ ਦੇ ਅਦਾਰੇ, ਉਦਯੋਗਾਂ ਨਾਲ ਸਬੰਧਤ ਅਦਾਰੇ, ਵੱਖ-ਵੱਖ ਬੈਂਕਾਂ ਤੋਂ ਇਲਾਵਾ ਉਦਮੀ ਮਰਦਾ/ ਔਰਤਾਂ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦਿਵਾਉਣ ਅਤੇ ਆਪਣਾ ਰੋਜਗਾਰ ਸ਼ੁਰੂ ਕਰਨ ਵਿੱਚ ਸਹੀ ਦਿਸ਼ਾ ਨਿਰਦੇਸ਼ ਅਤੇ ਮੌਕੇ ਪ੍ਰਦਾਨ ਕਰਨ ਵਾਲੇ ਬਹੁਤ ਸਾਰੇ ਹੋਰ ਵੀ ਅਦਾਰੇ ਸ਼ਮੂਲੀਅਤ ਕਰ ਰਹੇ ਹਨ। ਆਪ ਜੀ ਨੂੰ ਬੇਨਤੀ ਹੈ ਕਿ ਆਪਣੇ ਪਿੰਡ ਦੇ ਉਦਮੀ ਅਤੇ ਹੁਨਰਮੰਦ ਲੋਕਾਂ ਦੀ ਆਰਥਿਕਤਾ ਨੂੰ ਸੁਧਾਰਨ ਲਈ ਹਰ ਉਦਮੀ ਔਰਤ/ ਮਰਦ, ਸੋਸਾਈਟੀਆਂ, ਸਮਾਜਿੱਕ ਭਲਾਈ ਸੰਸਥਾਵਾਂ, ਕਲੱਬਾਂ ਅਤੇ ਨੌਜਵਾਨਾਂ ਤੱਕ ਪਹੁੰਚਾਓ ਅਤੇ ਆਪ ਅਗਵਾਈ ਕਰਕੇ ਹੈਕਸਰ ਐਕਸਪੋ ਵਿੱਚ ਉਹਨਾਂ ਦੀ ਮੌਜੂਦਗੀ ਨੂੰ ਯਕੀਨੀ ਬਣਾਓ। ਆਓ ਆਪਾਂ ਰਲ ਕੇ ਪੰਜਾਬ ਵਿੱਚੋਂ ਬੇਰੁਜ਼ਗਾਰੀ ਨੂੰ ਖਤਮ ਕਰਨ ਅਤੇ ਆਪਣੇ ਲੋਕਾਂ ਦੀ ਆਰਥਿਕਤ ਹਾਲਤ ਨੂੰ ਸੁਧਾਰਨ ਲਈ ਇੱਕ ਸੁਹਿਰਦ ਯਤਨ ਕਰੀਏ। ਹੈਕਸਰ ਵੱਲੋਂ ਅਗਾਹਾਂ ਵਧੂ ਸੋਚ ਵਾਲੇ ਸਰਪੰਚਾਂ /ਮੋਹਤਬਰਾਂ ਨਾਲ ਮਿਲ ਕੇ ਕੀਤੇ ਜਾ ਰਹੇ ਇਸ ਉਪਰਾਲੇ ਦਾ ਹਿੱਸਾ ਜ਼ਰੂਰ ਬਣੋ ਜੀ। ਇਸ ਸਬੰਧੀ ਹੋਰ ਸੁਖਾਲੇ ਢੰਗ ਨਾਲ ਜਾਣਕਾਰੀ ਲਈ ਸੰਪਰਕ ਕਰੋ ਜੀ 9779117480.**

**ਪੰਜਾਬ** ਵੱਸਦਾ ਗੁਰੂਆਂ ਦੇ ਨਾਮ 'ਤੇ ਹੈ ਅਤੇ ਪੰਜਾਬ ਦਾ ਮੁੱਢ, ਵਿਰਸਾ, ਖਜ਼ਾਨਾ ਮੰਨੇ ਜਾਣ ਵਾਲ਼ੇ ਪਿੰਡ, ਜਿੰਨ੍ਹਾਂ ਦੇ ਸਦਕਾ ਅੱਜ ਪਿੰਡਾਂ ਦਾ ਆਪਸੀ ਭਾਈਚਾਰਾ "ਪੰਜਾਬ" ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ ਅਤੇ ਪੰਜਾਬ ਦੇ ਨਾਲ਼ ਸਮੁੱਚਾ ਭਾਰਤ ਦੇਸ਼| ਪਿੰਡਾਂ ਦੇ ਯੋਗਦਾਨ ਚਾਹੇ ਉਹ ਕਿਸੇ ਵੀ ਤਰੀਕਿਆਂ ਰਾਹੀਂ ਦੇਸ਼ ਦੀ ਜਨਤਾ ਤੱਕ ਪਹੁੰਚੇ ਹੋਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ| ਯੋਗਦਾਨ ਬੇਸ਼ਕ ਬਟਵਾਰੇ ਤੋਂ ਬਾਅਦ ਦੇਸ਼ ਨੂੰ ਸੋਨਾ ਦੇਣ ਦਾ ਹੋਵੇ, ਦੇਸ਼ ਦੁਨੀਆਂ 'ਚ ਹਰੀ ਕ੍ਰਾਂਤੀ ਦਾ ਹੋਵੇ ਜਾਂ ਫੇਰ ਦੇਸ਼ ਲਈ ਕੁਰਬਾਨੀਆਂ ਦਾ ਹੋਵੇ ਪੰਜਾਬ ਕਦੇ ਪਿੱਛੇ ਨਹੀਂ ਰਿਹਾ| ਆਪਣੇ ਅੰਨ ਦਾਣੇ ਅਤੇ ਹੱਕਾਂ ਦਾ ਘਾਣ ਕਰਵਾਕੇ ਵੀ ਭਾਰਤ ਦੇਸ਼ ਲਈ ਖੜ੍ਹਨਾਂ, ਦੀਨ ਦੁਖੀਆਂ ਦੇ ਹੱਕਾਂ ਲਈ ਖੜ੍ਹਨਾਂ ਅਸੀਂ ਹਮੇਸ਼ਾਂ ਆਪਣਾ ਕੌਮੀਂ ਅਤੇ ਸਿੱਖੀ ਸਿਧਾਂਤਕ ਫਰਜ਼ ਮੰਨਿਆਂ ਹੈ ਅਤੇ ਬਾ-ਖੂਬੀ ਨਿਭਾ ਵੀ ਰਹੇ ਹਾਂ| ਪਿੰਡਾਂ ਦੀ ਅਣਖ, ਗੈਰਤ, ਮੜ੍ਹਕ, ਜੁਝਾਰੂਪਣ ਦੀਆਂ ਮਿਸਾਲਾਂ ਤੋਂ ਸਮੇਂ ਸਮੇਂ ਦੀਆਂ ਆਉਦੀਆਂ ਜਾਂਦੀਆਂ ਹਕੂਮਤਾਂ, ਤੰਤਰ ਚੰਗੀ ਤਰ੍ਹਾਂ ਜਾਣੂ ਹਨ| ਜੋ ਸਾਨੂੰ ਸਾਰਿਆਂ ਪੰਜਾਬੀਆਂ ਨੂੰ ਸੁਭਾਵਿਕ ਹੀ ਵੱਖ ਬਣਾਉਂਦੀਆਂ ਹਨ|

ਸਾਡੇ ਨਿਆਰੇ ਵੱਖਰੇਪਣ ਦਾ ਰਾਜ ਸਾਨੂੰ ਸਾਡੇ ਗੁਰੂਆਂ ਦੀ ਸਿੱਖਿਆ, ਇਖਲਾਕੀ ਇਤਫਾਕ, ਅਣਨਿਖੜ੍ਹਵੇਂ ਰਿਸ਼ਤੇ, ਪਿਆਰ, ਮੋਹ, ਤਿਆਗ ਦੀ ਸਾਂਝ ਹੈ| ਇਸ ਸਾਂਝ ਨੂੰ ਬਰਕਰਾਰ ਰੱਖਦੇ ਹਨ ਮਨਾ ਮੋਹੀ ਪਿੰਡਾਂ ਦੇ ਵਸਨੀਕ, ਜੋ ਸੁੱਖ-ਦੁੱਖ, ਖੁਸ਼ੀ-ਗਮੀਂ, ਦੇ ਭਾਈਵਾਲ ਬਣਦੇ ਹਨ ਅਤੇ ਆਪਸੀ ਸਾਂਝ ਨਾਲ਼ ਆਪੋ ਆਪਣੇ ਪਿੰਡਾਂ ਦਾ ਇੱਕ ਮੁੱਖ ਕਰਤਾ ਧਰਤਾ ਚੁਣਦੇ ਹਨ ਜਿਸਨੂੰ ਪਿੰਡ ਦੀ ਮਾਂ ਮੰਨਿਆਂ ਜਾਂਦਾ ਹੈ ਉਹ ਮੁੱਖ ਅਹੁਦਾ ਹੈ "**ਸਰਪੰਚ**"|

ਸਰਪੰਚ ਇੱਕ ਅਜਿਹਾ ਜ਼ਿੰਮੇਵਾਰ ਵਿਅਕਤੀ ਹੈ, ਜੋ ਕਿ ਸੂਝਵਾਨ, ਬੱਧੀਜੀਵੀ, ਦ੍ਰਿੜ ਸੰਕਲਪ, ਅਤੇ ਅਜੋਕੇ ਸਮੇਂ ਨੂੰ ਆਪਣਾ ਹਾਣੀ ਬਣਾਕੇ ਹਰ ਉਹ ਹੀਲੇ ਵਸੀਲੇ ਕਰਨੇ ਜਿਸ ਨਾਲ਼ ਪਿੰਡ ਦੀ ਦੁਨੀਆਂ ਦੇ ਅੱਗੇ ਆਪਣੀ ਇੱਕ ਖਾਸ ਪਹਿਚਾਣ ਬਣਾਉਣੀ, ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਕਰਵਾਉਣੇ ਆਦਿ ਕਈ ਉੱਚ-ਪੱਧਰੀ ਸਟੀਕ ਫੈਸਲੇ ਲੈਂਦਾ ਹੈ, ਜੋ ਪਿੰਡ/ਡਾਂ ਦੇ ਲਈ ਫਾਇਦੇਮੰਦ ਹੋਣ|

| | |
|---|---|
| ਬੇਨਤੀ | ਅਸੀਂ ਹੈਕਸਰ ਪ੍ਰਾਈਵੇਟ ਲਿਮਿਟਡ ਹਾਂ| ਪਿੰਡਾਂ ਦੀ ਮਿੱਟੀ 'ਚੋਂ ਜਨਮੀਂ ਸੋਚ, ਅਦਾਰਾ \| ਪਿੰਡਾਂ ਦੇ ਵਸਨੀਕ ਹਾਂ ਅਤੇ ਹਰ ਉਸ ਉਪਰਾਲੇ ਲਈ ਵਚਨਬੱਧ ਹਾਂ ਜੋ ਪਿੰਡਾਂ ਦੀ ਤਰੱਕੀ ਦੇ ਰਾਹ ਖੋਲ ਸਕਣ| ਇਸੇ ਉਪਰਾਲੇ ਤਹਿਤ "**ਹੈਕਸਰ**" ਮਿਤੀ 26/06/2025 ਦਿਨ ਵੀਰਵਾਰ ਨੂੰ ਸਵੇਰੇ 10:00 ਵਜੇ ਗੁਰੂ ਸਾਹਿਬ ਜੀ ਦੇ ਚਰਨਾਂ ਦਾ ਆਸਰਾ ਲੈਕੇ ਮਿਤੀ 26/06/2025 ਤੋਂ 30/06/2025 ਤੱਕ ਅੰਮ੍ਰਿਤਸਰ ਦਾ ਸੱਭ ਤੋਂ ਵੱਡਾ ਅਤੇ ਅਡਵਾਂਸ ਸਕਿੱਲ ਟ੍ਰੇਡ ਅਤੇ ਰੋਡ ਸ਼ੋਅ ਕੱਢਣ ਜਾ ਰਿਹਾ ਹੈ| ਜੋ ਕੇ ਆਉਣ ਵਾਲੇ ਸਮੇਂ ਤੱਕ ਪੰਜਾਬ ਦਾ ਅਤੇ ਪੰਜਾਬ ਦੇ ਵਸਨੀਕਾਂ ਦਾ ਆਪਣਾ ਇਤਿਹਾਸ ਰਚੇਤਾ, ਇਤਿਹਾਸਿਕ ਸਕਿੱਲ ਟ੍ਰੇਡ ਅਤੇ ਰੋਡ ਸ਼ੋਅ ਹੋਵੇਗਾ| |
| ਇਸ ਵਿੱਚ ਸ਼ਮੂਲੀਅਤ ਕੌਣ ਕਰ ਰਿਹਾ ਹੈ? | ਹੈਕਸਰ ਐਕਸਪੋ ਵਿੱਚ ਪੰਜਾਬ ਸਮੇਤ ਕਈ ਹੋਰ ਸੂਬਿਆਂ ਦੇ ਕਾਰੋਬਾਰ, ਅੰਮ੍ਰਿਤਸਰ ਤੋਂ ਇਲਾਵਾ ਪੰਜਾਬ ਦੇ ਹੋਰ ਜਿਲ੍ਹਿਆਂ ਦੇ ਨਾਮੀਂ ਕਾਰੋਬਾਰ/ਰੀ , ਵੱਡੇ-ਛੋਟੇ ਬ੍ਰੈਂਡ , ਇੰਡਸਟਰੀਆਂ , ਕੰਪਨੀਆਂ , ਕੁੱਝ ਐਸੀਆਂ ਸਖਸ਼ੀਅਤਾਂ ਜਿੰਨ੍ਹਾਂ ਨੇਂ ਜ਼ਮੀਨ ਤੋਂ ਉੱਠਕੇ ਵੱਖ-ਵੱਖ ਖੇਤਰਾਂ 'ਚ ਆਪਣਾ ਇੱਕ ਵੱਖਰਾ ਨਾਮ ਕਮਾਇਆ ਹੈ , 20 ਤੋਂ ਵੱਧ ਸਰਕਾਰੀ ਅਦਾਰੇ , ਬੈਕਾਂ , ਸਿਆਸੀ ਲੀਡਰ ਅਦਿ ਇਸਦੇ ਪ੍ਰਮੁੱਖ ਹਿੱਸੇ ਹੋਣਗੇ| |

| | |
|---|---|
| **ਸਰਪੰਚ ਕੀ ਕਰਨ ?** | **ਖੋਜ** – ਸਰਪੰਚ ਸਾਹਿਬਾਨ ਅਤੇ ਹੋਰ ਮੋਹਤਬਰ ਆਪ ਜੀ ਆਪਣੇ ਪਿੰਡ ਵਿੱਚ ਐਸੇ ਹੁੰਨਰ ਦੀ ਖੋਜ ਕਰਨੀ ਹੈ, ਜਿੰਨ੍ਹਾਂ 'ਚ ਉੱਦਮੀਂ ਮਰਦ/ਔਰਤ ਅਤੇ ਨੋਜਵਾਨ ਆਦਿ ਵਿੱਚ ਪੇਂਟਿੰਗ ਆਰਟਿਸਟ, ਮਿਉਜ਼ਿਕ ਸਾਜ ਵਾਜਕ, ਗਾਇਕ, ਕਵੀ, ਲਿਖਾਰੀ, ਖਿਡਾਰੀ, ਹੱਥ ਕਲਾਵਾਂ, ਆਰਟ ਕਰਾਫਟ ਕਲਾ ਹੋਵੇ ਜੋ ਕਦੇ ਕਿਸੇ ਸਮੇਂ ਵੀ ਸਮਾਜ ਵਿੱਚ ਪ੍ਰਦਰਸ਼ਨੀ ਕਰਨ / ਦਿਖਾਉਣ ਦਾ ਮੌਕਾ ਨਹੀਂ ਮਿਲਿਆ ਹੋਵੇ ਆਦਿ ਬੁਹਤ ਸਾਰੀਆਂ ਕਲਾਵਾਂ ਦੀ ਪਹਿਚਾਣ ਕਰਕੇ ਹੈਕਸਰ ਸਕਿੱਲ ਐਕਸਪੋ ਵਿੱਚ ਭੇਜਣ ਲਈ ਤਿਆਰ ਕਰਨਾ\| ਜਿਸ ਲਈ ਹੈਕਸਰ ਐਸੇ ਹੁੰਨਰਮੰਦਾਂ ਨੂੰ ਆਪਣੀ ਕਲਾ ਦਿਖਾਉਣ ਲਈ ਮੁਫਤ ਸਟੇਜ ਮੁਹੱਈਆ ਕਰਵਾਏਗਾ\|<br>**ਤਿਆਰੀ** – ਪਿੰਡਾਂ ਵਿੱਚ ਬੁਹਤ ਸਾਰੇ ਐਸੇ ਹੁੰਨਰ ਅਜਿਹੇ ਹਨ, ਜਿੰਨ੍ਹਾਂ 'ਚ ਉੱਦਮੀਂ ਮਰਦ/ਔਰਤ ਅਤੇ ਨੋਜਵਾਨਾਂ ਆਦਿ ਨੇ ਪਿੰਡਾਂ 'ਚ ਆਪਣਾ ਨਵਾਂ ਕੰਮ ਸ਼ੁਰੂ ਕੀਤਾ ਹੋਵੇਗਾ, ਕੰਮ ਕੁੱਝ ਸਮਾਂ ਪਹਿਲਾਂ ਸ਼ੁਰੂ ਕੀਤਾ ਹੋਵੇਗਾ ਆਦਿ ਕਿਸੇ ਵੀ ਖਿੱਤੇ ਨਾਲ਼ ਸਬੰਧਤ ਨਾਲ਼ ਹੋ ਸਕਦਾ ਹੈ\| ਉਹ ਕੰਮ ਬੇਸ਼ੱਕ ਸੂਈ ਬਣਾਉਣ ਤੋਂ ਜ਼ਹਾਜ ਬਣਾਉਣਾ, ਕੰਮ ਦੀਆਂ ਸਹੂਲਤਾਂ ਦੇਣਾ, ਕਿਸੇ ਵੀ ਤਰ੍ਹਾਂ ਦੇ ਖੇਤਰ ਨਾਲ ਸਬੰਧਤ ਹੋਵੇ\| ਉਸ ਕੰਮ ਨੂੰ ਹੈਕਸਰ ਸਕਿੱਲ ਐਕਸਪੋ ਵਿੱਚ ਦਿੱਤੇ ਸਟਾਲਾਂ ਰਾਹੀ ਦੁਨੀਆਂ ਨੂੰ ਦਿਖਾ ਸਕਣ ਜੋ ਕਿ ਸਿਰਫ 4000 ਰੁਪੈ / ਦਿਨ ਦੇ ਹਿਸਾਬ ਨਾਲ਼ ਹੋਵੇਗਾ ਜਿਸ ਵਿੱਚ ੨ ਸਮੇਂ ਦਾ ਖਾਣਾ, ਪੋਸਟਰ , ਸਟਾਲ ਟੇਬਲ, ਅਖਬਾਰਾਂ ਦੀ ਕਵਰੇਜ, ਹੈਕਸਰ ਦਾ ਲਾਈਵ ਪ੍ਰੋਗਰਾਮ , ਵੀਡੀਉ, ਪੋਡਕਾਸਟ , ਲੋਕਾਂ ਦਾ ਖੁੱਲਾ ਮੇਲ ਗੇਲ , ਲਈ ਅਨੇਕ ਸੂਲਤਾਂ ਸ਼ਾਮਿਲ ਹੋਣਗੇ\| ਐਸੇ ਵਰਗ ਨੂੰ ਤਿਆਰ ਕਰਨਾ ਹੈ\| ਇਸ ਨਾਲ਼ ਹੈਕਸਰ ਆਉਣ ਵਾਲ਼ੇ ਸਮੇਂ 'ਚ ਹੋਰ ਰੁਜ਼ਗਾਰ ਦੇ ਸਾਧਨਾਂ ਦੀ ਪੂਰਤੀ ਕਰਨ ਦੇ ਸਮਰੱਥ ਹੋ ਸਕੇਗਾ\|<br>**ਰੁਜ਼ਗਾਰ ਭਾਲ਼** – ਪਿੰਡਾਂ ਵਿੱਚ ਬੁਹਤ ਸਾਰੇ ਐਸੇ ਹੁੰਨਰ ਅਜਿਹੇ ਹਨ, ਜਿੰਨ੍ਹਾਂ 'ਚ ਉੱਦਮੀਂ ਮਰਦ/ਔਰਤ ਅਤੇ ਨੋਜਵਾਨਾਂ ਆਦਿ ਪਿੰਡਾਂ 'ਚ ਆਪਣਾ ਨਵਾਂ ਕੰਮ ਜੋ ਕੇ ਕਿਸੇ ਵੀ ਖਿੱਤੇ ਨਾਲ਼ ਸਬੰਧਤ ਨਾਲ਼ ਹੋ ਸਕਦਾ ਹੈ ਨੂੰ ਸ਼ੁਰੂ ਕਰਨਾ, ਕੰਮ ਕੁੱਝ ਸਮਾਂ ਪਹਿਲਾਂ ਸ਼ੁਰੂ ਕੀਤੇ ਕੰਮ ਨੂੰ ਵੱਡਾ ਕਰਨਾਂ ਜਾਂ ਬੰਦ ਹੋਏ ਕੰਮ ਨੂੰ ਮੁੜ ਸ਼ੁਰੂ ਕਰਨ ਦੇ ਚਾਹਵਾਨ ਹਨ\| ਪਰ ਪੈਸੇ ਦੀ ਕਮੀਂ ਅਤੇ ਸਹੀ ਸਾਧਨਾਂ ਦੀ ਕਮੀਂ ਕਰਕੇ ਬੇਬੱਸ ਹੋ ਚੁੱਕੇ ਹਨ । ਸਾਨੂੰ ਲਿਖਤੀ ਰੂਪ ਵਿੱਚ ਅਰਜੀ ਮਿਤੀ 7/5/25 ਤੋਂ 25/05/25 ਤੱਕ ਦੇ ਸਕਦੇ ਹਨ । ਇਸਦੇ ਲਈ ਹੈਕਸਰ ਕਿਸੇ ਕਿਸਮ ਦੀ ਕੋਈ ਫੀਸ / ਪੈਸਾ ਨਹੀਂ ਲੈ ਰਿਹਾ । ਵਿੱਤੀ ਸਹਾਇਤਾ ਬੈਂਕਾਂ ਜਾਂ ਹੋਰ ਵਿੱਤੀ ਅਦਾਰਿਆਂ ਰਾਹੀ ਹੋਵੇਗੀ ਜੋ ਕਿ ਕਾਨੂੰਨੀ ਪ੍ਰਕਿਰਿਆ ਹੇਠਾਂ ਹੀ ਕੀਤੀ ਜਾਵੇਗੀ\|<br>**ਸਮਾਜਿਕ ਜਾਗਰੂਕਤਾ ਪ੍ਰਦਰਸ਼ਨੀਆਂ** – ਹੈਕਸਰ ਵੱਲੋਂ ਕੁੱਝ ਸਮਾਜਿਕ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾ ਰਹੀਆਂ ਹਨ ਜਿਸ ਵਿੱਚ ***ਨਸ਼ਾ ਰੋਕਣਾ , ਜਾਨਵਰਾਂ ਦੀ ਮਾਰ-ਕਾਟ ਨੂੰ ਰੋਕਣਾ , ਅਵਾਰਾ ਸੜਕੀ ਜਾਨਵਰਾਂ (ਕੁੱਤੇ / ਗਾਵਾਂ) ਦੀ ਸੰਭਾਲ਼ , ਵਾਤਾਵਰਨ ਅਤੇ ਧਰਤੀ ਦੀ ਬਚਾਅ , ਪਲਾਸਟਿੱਕ ਲਿਫਾਫਿਆਂ ਨੂੰ ਖਤਮ ਕਰਨਾ , ਪਰਾਲ਼ੀ ਨੂੰ ਅੱਗ ਨਾ ਲਗਾਉਣਾ*** *ਮੁੱਖ ਰਹਿਣਗੀਆਂ* । ਇਸ ਵਿੱਚ ਅਸੀਂ ਪਿੰਡਾਂ ਨੂੰ ਇਹਨਾਂ ਮੁਹਿੰਮਾਂ ਵਿੱਚ ਭਾਗ਼ ਲੈਣ ਲਈ ਬੇਨਤੀ ਕਰਦੇ ਹਾਂ ਕਿ ਪਿੰਡ ਪੱਧਰ 'ਤੇ ਤੁਸੀਂ ਆਪਣੀ ਤਿਆਰੀ ਕਰੋ ਅਤੇ ਇਹਨਾਂ ਮੁਹਿੰਮਾਂ 'ਚ ਆ ਕੇ ਦੁਨੀਆਂ ਭਰ ਵਿੱਚ ਆਪਣੇ ਪਿੰਡ ਦਾ ਨਾਮ ਰੋਸ਼ਨ ਕਰੋ\| ਹੈਕਸਰ ਐਸੇ ਪਿੰਡਾਂ ਨੂੰ ਉਚੇਚੇ ਤੋਰ ਤੇ ਹੈਕਸਰ ਟਾਈਟਲ ਨਾਲ਼ ਸਨਮਾਨਿਤ ਕਰੇਗਾ ਅਤੇ ਪਿੰਡ ਨੂੰ ਅਨੇਕ ਤਰੀਕਿਆਂ ਨਾਲ਼ ਪ੍ਰਮੋਟ ਕਰੇਗਾ\| |
| ਮੈਡੀਕਲ ਕੈਂਪ | ਹੈਕਸਰ ਵੱਲੋਂ ਆਪਣੇ ਅਨੇਕ ਸਪੌਂਸਰਾਂ ਦੇ ਸਹਿਯੋਗ ਨਾਲ਼ ਅੱਖਾਂ ਅਤੇ ਦੰਦਾ ਦਾ ਇਕ ਦਿਨਾਂ ਮੁਫਤ ਚੈੱਕਅਪ ਕੈਂਪ ਵੀ ਲਗਾਇਆ ਜਾ ਰਿਹਾ ਜਿਸ ਲਈ ਅਸੀਂ ਤਹਾਨੂੰ ਵੀ ਸੱਦਾ ਦਿੰਦੇ ਹਾਂ ਕਿ ਆਪ ਜੀ ਆਪਣੇ ਲੋਕਾਂ ਨੂੰ ਨਾਲ਼ ਲੈ ਕੇ ਪਹੁੰਚੋ ਅਤੇ ਵੱਧ ਤੋਂ ਵੱਧ ਮੈਡੀਕਲ ਸਹੂਲਤਾਂ ਦਾ ਲਾਭ ਲਵੋ ਜੀ । |
| ਕਿਸਾਨੀ ਅਤੇ ਵਿੱਤੀ ਅਦਾਰਿਆਂ ਦੀ ਸਾਂਝ | ਹੈਕਸਰ ਬੁਹਤ ਵੱਡੇ ਕਿਸਾਨੀ ਮਸਲਿਆਂ ਵਿੱਚ ਸ਼ਾਇਦ ਆਪਣੀ ਭੂਮਿਕਾ ਨਾ ਨਿਭਾਅ ਸਕੇ ਪਰ ਹੈਕਸਰ ਸੁਭਾਵੀ ਆਪਣੀ ਸਮਰੱਥਾ ਅਨੁਸਾਰ ਬਣਦੀ ਭੂਮਿਕਾ ਜ਼ਰੂਰ ਨਿਭਾ ਰਿਹਾ ਹੈ\| ਜਿਸ ਲਈ ਹੈਕਸਰ ਆਪਣੇ ਨਾਲ਼ ਪੰਜਾਬ ਦੀਆਂ ਤਕਰੀਬਨ ਸਾਰੀਆਂ ਬੈਕਾਂ ਨਾਲ਼ ਲੈ ਕੇ 05 ਦਿਨਾਂ ਤੱਕ ਤੁਹਾਡੀ ਸੇਵਾ ਵਿੱਚ ਹਾਜ਼ਿਰ ਰਹੇਗਾ\| ਜਿਸ ਵਿੱਚ ਬੈਕਾਂ ਤੁਹਾਡੇ ਨਾਲ਼ ਬੈਠਕੇ ਕਿਸੇ ਨ ਕਿਸੇ ਸੰਭਵ ਸਕੀਮ ਤਹਿਤ, ਨਿੱਜੀ ਫੈਸਲੇ ਆਦਿ ਰਾਹੀਂ ਕਿਸਾਨੀ ਕਰਜਿਆਂ ਵਿੱਚ ਸੰਭਵ ਰਿਆਇਅਤ ਕਰ ਸਕਣ ਅਤੇ ਹੋਰ ਫਾਇਦੇਮੰਦ ਸਕੀਮਾਂ ਨਾਲ਼ ਖੇਤੀ ਅਤੇ ਸਬੰਧਤ ਢੁਕਵੇਂ ਲਾਭ ਮੁਹੱਈਆ ਕਰਵਾ ਸਕਣ\| |
| ਹੈਕਸਰ ਪੰਜਾਬ ਸੇਲ ਵਿੰਡੋ ਪ੍ਰੋਜੈਕਟ | ਪੰਜਾਬ ਮੁੱਢ ਤੋਂ ਹੀ ਇੱਕ ਵੱਡੇ ਉਤਪਾਦਕ ਸੂਬੇ ਵਜੋਂ ਜਾਣਿਆਂ ਜਾਂਦਾ ਰਿਹਾ ਹੈ, ਅਤੇ ਹਰ ਖੇਤਰ ਵਿੱਚ ਉਤਪਾਦਿਕ ਸ਼ਕਤੀ ਨੂੰ ਦੁਨੀਆਂ ਦੇ ਸਾਹਮਣੇ ਪ੍ਰਤੱਖ ਰੂਪ ਵੀ ਕੀਤਾ ਹੈ\| ਪਰ ਤ੍ਰਾਸਦੀ ਇਹ ਵੀ ਰਹੀ ਹੈ ਕਿ, ਅਸੀਂ ਆਪਣੇ ਉਤਪਾਦਨਾਂ ਨੂੰ ਵਿਕਾਸੀ ਲੀਹ ਉੱਪਰ ਲਿਆ ਨਹੀਂ ਸਕੇ ਅਤੇ ਬੁਹਤ ਕੋਸ਼ਿਸ਼ਾਂ ਕਰਨ ਦੇ ਬਾਅਦ ਵੀ ਨਾਕਾਮ ਹੀ ਰਹੇ ਹਾਂ\| ਆਪਣੀ ਮਿਹਨਤ ਦਾ ਸਹੀ ਮੁੱਲ ਨਾ ਮਿਲਣ ਦਾ ਮੁੱਖ ਕਾਰਨ ਵੀ ਇਹੀ ਹੈ ਕਿ ਅਸੀਂ ਆਪਣੀਆਂ ਜਿਣਸਾਂ ਨੂੰ ਸਹੀ ਮਿਆਰੀ ਮੁੱਲ ਉੱਪਰ ਨਾ ਤਾਂ ਪੰਜਾਬ ਵਿੱਚ ਵੇਚ ਸਕੇ ਹਾਂ ਅਤੇ ਨਾ ਹੀ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਉੱਪਰ ਵੇਚ ਸਕੇ\| ਸਾਨੂੰ ਦੁਨਿਆਵੀ, ਕਾਰੋਬਾਰੀ ਢੰਗ, ਸਾਧਨਾਂ ਦੀ ਸਹੀ ਪਾਰਦਰਸ਼ਿਤਾ ਦੀ ਘਾਟ ਹੋਣ ਕਰਕੇ ਨਾ ਕਦੇ ਤੰਤਰ ਅਤੇ ਨਾ ਹੀ ਅਸੀਂ ਇਸ ਕਾਬਿਲ ਹੋਏ ਹਾਂ ਕਿ ਆਪਣੇ ਉਤਪਾਦਨ ਨੂੰ ਵਿਸ਼ਵ ਪੱਧਰ 'ਤੇ ਮੰਡੀਕਰਨ ਕਰ ਸਕੀਏ\| ਪਰ ਹੈਕਸਰ ਦੀ ਇਸ ਫੋਰਮ ਡਿਸਕਸ਼ਨ ਵਿੱਚ ਅਸੀਂ ਆਪਣੇ ਵੱਡੇਰੀ ਉਮਰ, ਸਹਿ ਉਮਰ ਅਤੇ ਨੋਜੁਆਨ ਵਰਗ ਜੋ ਕਾਰੋਬਾਰੀ ਮੱਸ ਰੱਖਦੇ ਹਨ । ਉਨ੍ਹਾਂ ਲਈ ਹੈਕਸਰ ਵੱਲੋਂ 27 ਮਈ 2025 2 – 4 ਵਜੇ ਤੱਕ ਮੀਟਿੰਗ ਦਾ ਪ੍ਰਬੰਧ ਕੀਤਾ ਹੈ\| ਜਿਸ ਵਿੱਚ ਮੁੱਦੇ, ਸਮੱਸਿਆਵਾਂ, ਕਮੀਆਂ, ਲੋੜੀਂਦੇ ਸਾਧਨ ਅਦਿ ਉੱਪਰ ਗੰਭੀਰ ਗੱਲਬਾਤ ਕਰਨੀ । ਇਸਦੇ ਨਾਲ਼ ਹੀ "**ਹੈਕਸਰ ਸੇਲ ਵਿੰਡੋ ਪ੍ਰਜੈਕਟ**" ਲਈ **10 ਤਜੁਰਬੇਕਾਰ** ਅਤੇ **80 ਸਹਾਇਕ ਨੋਜੁਆਨਾਂ** ਦਾ ਪੈਨਲ ਬਣਾਉਣਾ ਮੁੱਖ ਮੰਤਵ ਰਹੇਗਾ\| |
| ਹੈਕਸਰ ਰੋਜ਼ਗਾਰ | ਹੈਕਸਰ ਦੀ ਸ਼ੁਰੂਆਤੀ ਦੌਰ ਤੋਂ ਹੀ ਇਹ ਤਰਜੀਹ ਰਹੀ ਹੈ ਕਿ, ਪੰਜਾਬ ਵਿੱਚ ਘੱਟੋ ਘੱਟ 3,00,000 ਰੁਜ਼ਗਾਰ ਪੈਦਾ ਕਰਨੇ ਪਰ ਸਹੀ ਸਮਾਂ ਅਤੇ ਉੱਚ ਸਾਧਨਾ ਦੀ ਘਾਟ ਹੋਣ ਕਰਕੇ ਇਸਨੂੰ ਅਸਲ ਜ਼ਾਮਾਂ ਨਹੀਂ ਦਿੱਤਾ ਗਿਆ\| ਪਰ "**ਹੈਕਸਰ ਸਕਿੱਲ ਐਕਸਪੋ ਅਤੇ ਰੋਡ ਸ਼ੌਅ**" ਦੌਰਾਨ ਹੈਕਸਰ ਜਲਦ ਹੀ ਵੱਖ ਵੱਖ ਜ਼ਿਲ੍ਹਿਆਂ ਦੇ ਪਿੰਡਾਂ ਦੇ ਸਰਪੰਚਾਂ, ਨਰੇਗਾ, ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਅਤੇ ਹੋਰ ਸਰਕਾਰੀ ਅਦਾਰਿਆਂ ਨਾਲ਼ ਮਿਲ਼ਕੇ ਰੋਜ਼ਗਾਰ ਮੁਹੱਈਆ ਕਰਨ ਦੀ ਤਰੀਖ ਦਾ ਐਲਾਨ ਕਰੇਗਾ\| |
| ਰੋਡ ਸ਼ੋਅ ਲਈ ਅਪੀਲ | ਆਪ ਜੀ ਦੇ ਪਿੰਡਾਂ ਦੇ ਨੋਜਵਾਨਾਂ ਨੂੰ ਆਪ ਜੀ ਦੇ ਰਾਹੀਂ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਆਪਣੇ ਮੋਟਰਸਈਕਲਾਂ ਟ੍ਰੈਕਟਰਾਂ ਸਮੇਤ ਹੈਕਸਰ ਰੋਡ ਸ਼ੋਅ ਦਾ ਹਿੱਸਾ ਬਣਨ ਅਤੇ ਖਾਲਸਾਈ ਜਾਹੋ ਜ਼ਲਾਲ ਦਾ ਰੂਪ ਹੋਕੇ ਦੁਨੀਆਂ ਨੂੰ ਕੌਮੀਂ ਇਕਜੁੱਟਤਾ ਅਤੇ ਸਿੱਖੀ ਨੂੰ ਸਮਰਪਿਤ ਹੋਕੇ ਸ਼ਾਝੀਵਾਲਤਾ ਦਾ |

| | |
|---|---|
| | ਸੰਦੇਸ ਦੇਣ ਵਿਚ ਹੈਕਸਰ ਦੇ ਮਦਦਗਾਰ ਹੋਣ ਜੀ। ਆਪਜੀ ਦੇ ਪਿੰਡ ਤੋਂ ਕਿੰਨੇ ਮੋਟਰਸਾਈਕਲ ਤਿਆਰ ਹੋਣਗੇ ਅਤੇ ਕਿੰਨੇ ਨੋਜਵਾਨ ਹੋਣਗੇ ਦੀ ਸੂਚੀ ਸਾਨੂੰ ਵੱਟਸਐਪ ਨੰ: 0091-9779117480 ਮਿਤੀ 20/06/2025 ਤੱਕ ਮੁਹੱਈਆ ਕਰਵਾਉਣ ਦੀ ਕ੍ਰਿਪਾਲਤਾ ਕਰਨੀ ਜੀ ਅਗਰ ਆਪ ਜੀ ਦੇ ਪਿੰਡਾਂ ਤੋਂ ਕਾਰਾਂ, ਗੱਡੀਆਂ, ਟਰੈਕਟਰ ਬਿੰਨ੍ਹਾਂ ਟਰਾਲ਼ੀ ਦੇ ਜਾਣ ਲਈ ਤਿਆਰ ਹੋ ਕੇ ਜਾਣ ਦੀ ਸੰਭਾਵਨਾ ਬਣਦੀ ਹੈ ਤਾਂ ਵੀ ਸਾਨੂੰ ਸਮੇਂ ਸਿਰ ਸੂਚਿਤ ਕਰ ਦਿੱਤਾ ਜਾਵੇ ਜੀ ਕਿਓਂਕਿ ਸਮੇਂ ਸਿਰ ਆਈ ਸੂਚੀ ਅਨੁਸਾਰ ਹੀ ਕਾਰਾਂ, ਗੱਡੀਆਂ, ਟਰੈਕਟਰਾਂ, ਮੋਟਰਸਾਈਕਲਾਂ ਦੇ ਗਰੁੱਪਾਂ ਨੂੰ "**ਹੈਕਸਰ ਰੋਡ ਸ਼ੋਅ**" ਵਿੱਚ ਲੱਗਣ ਦਾ ਨੰਬਰ ਮੁਹੱਈਆ ਹੋਵੇਗਾ ਅਤੇ ਨਾਲ਼ ਜਾਣ ਦੀ ਪ੍ਰਵਾਨਗੀ ਮਿਲ਼ੇਗੀ। ਵਾਧੂ ਵਾਹਨ ਨੂੰ ਰੋਡ ਸ਼ੋਅ ਦਾ ਹਿੱਸਾ ਨਹੀਂ ਮੰਨਿਆ ਜਾਵੇਗਾ ਜੀ। |

ਅਸੀਂ ਆਸ ਕਰਦੇ ਹਾਂ ਕਿ, ਆਪ ਜੀ ਸਾਨੂੰ "**ਹੈਕਸਰ ਐਕਸਪੋ ਅਤੇ ਰੋਡ ਸ਼ੋਅ**" ਨੂੰ ਪੂਰਾ ਸਹਿਯੋਗ ਦਿਉਗੇ ਅਤੇ ਸਾਡੇ ਵੱਲੋਂ ਕੀਤੀਆਂ ਬੇਨਤੀਆਂ ਨੂੰ ਪ੍ਰਵਾਨ ਕਰੋਗੇ ਅਤੇ ਹਰ ਪ੍ਰੋਗਰਾਮ ਵਿੱਚ ਸਾਨੂੰ ਆਪਣਾ ਕੀਮਤੀ ਯੋਗਦਾਨ ਦੇ ਕੇ ਸਦਾ ਲਈ ਰਿਣੀ ਰੱਖੋਗੇ।

ਆਪ ਜੀ ਦੇ ਕੀਮਤੀ ਸਮੇਂ ਲਈ ਹੈਕਸਰ ਪ੍ਰਾਈਵੇਟ ਲਿਮਿਟਡ ਆਪਜੀ ਦਾ ਤਹਿ ਦਿਲੋਂ ਧੰਨਵਾਦੀ ਹੈ।

ਆਪ ਜੀ ਦਾ ਧੰਨਵਾਦ ਕਰਤਾ

ਮਨਜੀਤ ਸਿੰਘ
ਮੈਨੇਜਿੰਗ ਡਾਇਰੈਕਟਰ
0091 9779117480

Google Hexser Expo / Hexser Event
Or type https://hexser.com/expo

**CIN – U47594PB2024PTC061314**